# ਮੱਧ ਪੱਛਮੀ ਇਲਾਕੇ ਵਿੱਚ ਘਰੇਲੂ ਬਾਲਣ ਵਾਲੀਆਂ ਲੱਕੜਾਂ ਇਕੱਠੀਆਂ ਕਰਨਾ

ਵਿਕਟੋਰੀਆ ਦੀ ਸਰਕਾਰ, ਮੱਧ ਪੱਛਮੀ ਇਲਾਕੇ ਵਿੱਚ 75,000 ਹੈਕਟੇਅਰ ਤੋਂ ਵੱਧ ਨਵੇਂ ਪਾਰਕ ਅਤੇ ਹਰਿਆਲੀ ਵਾਲੇ ਖੇਤਰ ਬਣਾ ਰਹੀ ਹੈ, ਜਿਸ ਵਿੱਚ ਤਿੰਨ ਨਵੇਂ ਰਾਸ਼ਟਰੀ ਪਾਰਕ ਵੀ ਸ਼ਾਮਲ ਹਨ।

## ਵਿਕਟੋਰੀਆ ਵਿੱਚ ਬਾਲਣ ਵਾਲੀ ਲੱਕੜ

**ਮਹੱਤਵਪੂਰਣ ਗੱਲ ਇਹ ਹੈ, ਕਿ ਘਰੇਲੂ ਬਾਲਣ ਵਾਲੀਆਂ ਲੱਕੜਾਂ ਇਕੱਠੀਆਂ ਕਰਨ ਲਈ ਮੌਕੇ ਜਾਰੀ ਰਹਿਣਗੇ ਜੋ ਮੱਧ ਪੱਛਮੀ ਵਿਕਟੋਰੀਆ ਵਿੱਚ ਸਥਾਨਕ ਭਾਈਚਾਰਿਆਂ ਦਾ ਸਹਿਯੋਗ ਕਰਦੇ ਹਨ।**

ਵਿਕਟੋਰੀਆ ਵਿੱਚ, ਪਤਝੜ ਅਤੇ ਬਸੰਤ ਰੁੱਤਾਂ ਦੇ ਦੌਰਾਨ ਜਨਤਕ ਜ਼ਮੀਨ ਤੋਂ ਲੱਕੜਾਂ ਇਕੱਠੀਆਂ ਕਰਨ ਵਾਲੇ ਨਾਮਜ਼ਦ ਖੇਤਰਾਂ ਵਿੱਚੋਂ ਘਰੇਲੂ ਵਰਤੋਂ ਲਈ ਬਾਲਣ ਵਾਲੀ ਲੱਕੜ ਇਕੱਠੀ ਕੀਤੀ ਜਾ ਸਕਦੀ ਹੈ।

ਇਹ ਸਥਾਨਕ ਭਾਈਚਾਰਿਆਂ ਅਤੇ ਉਨ੍ਹਾਂ ਲੋਕਾਂ ਲਈ ਮਹੱਤਵਪੂਰਣ ਹੈ, ਜੋ ਘਰਾਂ ਨੂੰ ਨਿੱਘਾ ਕਰਨ ਦੇ ਆਪਣੇ ਮੁੱਢਲੇ ਸਰੋਤ ਵਜੋਂ ਬਾਲਣ ਵਾਲੀ ਲੱਕੜ 'ਤੇ ਨਿਰਭਰ ਕਰਦੇ ਹਨ।

ਹਾਲਾਂਕਿ ਬਾਲਣ ਵਾਲੀ ਲੱਕੜ ਇਕੱਠੀ ਕਰਨ ਮੁਫ਼ਤ ਹੈ, ਇਹ ਇਕ ਸੀਮਤ ਸਰੋਤ ਹੈ, ਅਤੇ ਇਸ ਨੂੰ ਕੇਵਲ ਨਾਮਜ਼ਦ ਕੀਤੇ ਸਥਾਨਾਂ ਤੋਂ ਹੀ ਇਕੱਠਾ ਕੀਤਾ ਜਾ ਸਕਦਾ ਹੈ, ਜਿੱਥੇ ਇਹ ਹੋਰ ਜੰਗਲਾਤ ਦੀਆਂ ਕਦਰਾਂ-ਕੀਮਤਾਂ, ਜੈਵ-ਵਿਭਿੰਨਤਾ ਅਤੇ ਸਭਿਆਚਾਰਕ ਵਿਰਾਸਤ ਦੇ ਨਾਲ ਸੰਤੁਲਨ ਵਿੱਚ ਹੈ।

## ਮੱਧ ਪੱਛਮ ਵਿੱਚ ਘਰੇਲੂ ਬਾਲਣ ਵਾਲੀਆਂ ਲੱਕੜਾਂ ਇਕੱਠੀਆਂ ਕਰਨ ਵਾਲੀਆਂ ਜਗ੍ਹਾਵਾਂ

ਇਸ ਸਮੇਂ ਘਰੇਲੂ ਬਾਲਣ ਵਾਲੀ ਲੱਕੜਾਂ ਇਕੱਠੀਆਂ ਕਰਨ ਲਈ ਉਪਲਬਧ ਕੁਝ ਖੇਤਰ ਤਬਦੀਲੀਆਂ ਤੋਂ ਪ੍ਰਭਾਵਿਤ ਹੋਣਗੇ, ਜਿੰਨ੍ਹਾਂ ਨੂੰ ਜਨਤਕ ਜ਼ਮੀਨ ਵਜੋਂ ਵਰਤੋਂ ਲਈ ਤਿਆਰ ਕੀਤਾ ਜਾ ਰਿਹਾ ਹੈ। ਹਾਲਾਂਕਿ, ਅਗਲੇ ਦੋ ਸਾਲਾਂ ਵਿੱਚ ਸਪਲਾਈ ਉੱਤੇ ਕਿਸੇ ਅਸਰ ਦੀ ਕੋਈ ਉਮੀਦ ਨਹੀਂ ਹੋਵੇਗੀ।

ਘਰੇਲੂ ਬਾਲਣ ਵਾਲੀ ਲੱਕੜ ਰਾਜ ਦੇ ਜੰਗਲਾਂ ਵਿੱਚ ਨਾਮਜ਼ਦ ਸਥਾਨਾਂ ਤੋਂ ਉਪਲਬਧ ਰਹੇਗੀ। ਘਰੇਲੂ ਬਾਲਣ ਵਾਲੀ ਲੱਕੜ ਜੂਨ 2029 ਤੱਕ ਜ਼ਿਆਦਾਤਰ ਨਵੇਂ ਖੇਤਰੀ ਪਾਰਕਾਂ ਵਿੱਚ ਨਾਮਜ਼ਦ ਜਗ੍ਹਾਵਾਂ ਤੋਂ ਵੀ ਲਗਾਤਾਰ ਉਪਲਬਧ ਰਹੇਗੀ।

ਘਰੇਲੂ ਬਾਲਣ ਵਾਲੀ ਲੱਕੜ, ਜੰਗਲਾਤ ਪ੍ਰਬੰਧ ਦੀਆਂ ਗਤੀਵਿਧੀਆਂ ਦੇ ਨਤੀਜਿਆਂ ਵਜੋਂ ਉਪਲਬਧ ਹੋ ਸਕਦੀ ਹੈ (ਜਿਵੇਂ ਕਿ, ਸੁਰੱਖਿਆ ਦੇ ਉਦੇਸ਼ਾਂ ਅਤੇ ਜੰਗਲਾਤ ਸਿਹਤ ਕਾਰਜਾਂ ਲਈ ਖਤਰਨਾਕ ਰੁੱਖ ਨੂੰ ਹਟਾਉਣਾ)।

VICTORIA State Government | Environment, Land, Water and Planning

ਕੁਝ ਖੇਤਰਾਂ ਵਿੱਚ ਵਪਾਰਕ ਬਾਲਣ ਵਾਲੀ ਲੱਕੜ ਦੀ ਕਟਾਈ ਦੀ ਆਗਿਆ ਦੇਣ ਲਈ ਪ੍ਰਸਤਾਵਿਤ ਰਾਸ਼ਟਰੀ ਪਾਰਕਾਂ ਦੀ ਸਿਰਜਣਾ ਪੜਾਅਵਾਰ ਕੀਤੀ ਜਾਵੇਗੀ, ਜੋ ਪਾਰਕਾਂ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਇਸ ਸਮੇਂ ਰਾਜ ਦੇ ਅਧੀਨ ਜੰਗਲ ਹਨ। ਇਹਨਾਂ ਖੇਤਰਾਂ ਵਿੱਚ, ਘਰੇਲੂ ਬਾਲਣ ਵਾਲੀ ਲੱਕੜਾਂ ਦਾ ਇਕੱਠੀਆਂ ਕਰਨਾ (ਨਾਮਜ਼ਦ ਜਗ੍ਹਾਵਾਂ ਤੋਂ) ਵੀ ਉਦੋਂ ਤੱਕ ਸੰਭਵ ਹੋਵੇਗਾ, ਜਦੋਂ ਤੱਕ ਇਹਨਾਂ ਖੇਤਰਾਂ ਨੂੰ ਪਾਰਕਾਂ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ।

## ਵੈਲਸਫੋਰਡ ਬਲਾਕ

ਬੈਂਡੀਗੋ ਖੇਤਰੀ ਪਾਰਕ ਤੋਂ ਇਲਾਵਾ ਘਰੇਲੂ ਬਾਲਣ ਵਾਲੀ ਲੱਕੜਾਂ ਦਾ ਇਕੱਠੀਆਂ ਕਰਨਾ ਜੂਨ 2029 ਤੱਕ ਜੰਗਲ ਦੇ ਵਾਤਾਵਰਣਕ ਢਾਂਚੇ ਵਿੱਚ ਸੁਧਾਰ ਕਰਨ ਲਈ ਕੁਝ ਚੁਣੀਆਂ ਗਈਆਂ ਨਾਮਜ਼ਦ ਜਗ੍ਹਾਵਾਂ ਤੋਂ ਉਪਲਬਧ ਹੋਵੇਗਾ।

## ਵੋਮਬੈਟ-ਮੈਸੀਡਨ ਬਲਾਕ

ਚਾਰ ਨਵੇਂ ਖੇਤਰੀ ਪਾਰਕ ਅਤੇ ਖੇਤਰੀ ਪਾਰਕਾਂ ਦੇ ਵਾਧੇ ਵਿੱਚ ਕੁਝ ਘਰੇਲੂ ਬਾਲਣ ਵਾਲੀਆਂ ਲੱਕੜਾਂ ਦਾ ਇਕੱਠੀਆਂ ਕਰਨਾ ਜੂਨ 2029 ਤੱਕ ਸੰਭਵ ਹੋਵੇਗਾ।

ਨਵੇਂ ਵੋਮਬੈਟ-ਲੇਰਡਰਡਰਗ ਨੈਸ਼ਨਲ ਪਾਰਕ ਵਿੱਚ ਸ਼ਾਮਲ ਕੀਤੇ ਜਾਣ ਤੋਂ ਪਹਿਲਾਂ, ਨਾਮਜ਼ਦ ਜਗ੍ਹਾਵਾਂ ਤੋਂ ਘਰੇਲੂ ਬਾਲਣ ਵਾਲੀਆਂ ਲੱਕੜਾਂ ਇਕੱਠੀਆਂ ਕਰਨਾ ਉਹਨਾਂ ਖੇਤਰਾਂ ਵਿੱਚ ਵੀ ਸੰਭਵ ਹੋਵੇਗਾ, ਜਿੱਥੇ ਵਪਾਰਕ ਬਾਲਣ ਵਾਲੀ ਲੱਕੜ ਦੀ ਕਟਾਈ ਦੀ ਆਗਿਆ ਹੈ।

## ਮਾਊਂਟ ਕੋਲ-ਪਾਇਰੀਨੀਜ਼ ਬਲਾਕ

ਮਾਊਂਟ ਕੋਲ-ਪਾਇਰੀਨੀਜ਼ ਬਲਾਕ ਵਿੱਚ 11,901 ਹੈਕਟੇਅਰ ਰਾਜ ਜੰਗਲ ਬਰਕਰਾਰ ਹੈ, ਜਿੱਥੇ ਘਰੇਲੂ ਬਾਲਣ ਵਾਲੀਆਂ ਲੱਕੜਾਂ ਨੂੰ ਨਾਮਜ਼ਦ ਜਗ੍ਹਾਵਾਂ ਤੋਂ ਇਕੱਠਾ ਕੀਤਾ ਜਾ ਸਕਦਾ ਹੈ।

ਨਾਮਜ਼ਦ ਜਗ੍ਹਾਵਾਂ ਤੋਂ ਘਰੇਲੂ ਬਾਲਣ ਵਾਲੀ ਲੱਕੜ ਇਕੱਠੀ ਕਰਨਾ ਉਨ੍ਹਾਂ ਖੇਤਰਾਂ ਵਿੱਚ ਵੀ ਸੰਭਵ ਹੋਵੇਗਾ ਜਿੱਥੇ ਨਵੇਂ ਮਾਊਂਟ ਬੁਆਂਗੋਰ ਅਤੇ ਪਾਇਰੀਨੀਜ਼ ਨੈਸ਼ਨਲ ਪਾਰਕਾਂ ਵਿੱਚ ਸ਼ਾਮਲ ਕੀਤੇ ਜਾਣ ਤੋਂ ਪਹਿਲਾਂ ਵਪਾਰਕ ਬਾਲਣ ਵਾਲੀ ਲੱਕੜ ਦੀ ਕਟਾਈ ਦੀ ਆਗਿਆ ਹੈ।

ਪਾਇਰੀਨੀਜ਼ ਖੇਤਰੀ ਪਾਰਕ ਵਿੱਚ ਘਰੇਲੂ ਬਾਲਣ ਵਾਲੀ ਲੱਕੜ ਇਕੱਠੀ ਕਰਨਾ (ਕੱਟਣ ਲਈ ਤਿਆਰ ਜੰਗਲ ਵਿੱਚ ਨਾਮਜ਼ਦ ਜਗ੍ਹਾਵਾਂ ਤੋਂ) ਵੀ ਦੋ ਸਾਲਾਂ ਤੱਕ ਸੰਭਵ ਹੋਵੇਗਾ।

# ਵਿਕਲਪਕ ਊਰਜਾ ਦੀਆਂ ਚੋਣਾਂ ਅਤੇ ਸਥਾਨਕ ਭਾਈਚਾਰਿਆਂ ਵਾਸਤੇ ਸਹਾਇਤਾ

ਵਿਕਟੋਰੀਆ ਦੀ ਸਰਕਾਰ ਕੋਲ ਵਿਕਲਪਕ ਊਰਜਾ ਪੂਰਤੀ ਦੀਆਂ ਚੋਣਾਂ ਵੱਲ ਤਬਦੀਲੀ ਦਾ ਸਮਰਥਨ ਕਰਨ ਲਈ ਪ੍ਰੋਗਰਾਮ ਹਨ, ਜੋ ਸਥਾਨਕ ਭਾਈਚਾਰੇ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ। ਜੁਲਾਈ 2021 ਤੋਂ ਹੋਮ ਹੀਟਿੰਗ ਐਂਡ ਕੂਲਿੰਗ ਅੱਪਗ੍ਰੇਡ ਪ੍ਰੋਗਰਾਮ, ਉੱਚ-ਕੁਸ਼ਲਤਾ ਵਾਲੀ ਨਿੱਘਾ ਅਤੇ ਠੰਢਾ ਕਰਨ ਵਾਲੀ ਪ੍ਰਣਾਲੀ ਖਰੀਦਣ ਅਤੇ ਸਥਾਪਤ ਕਰਨ ਦੀ ਲਾਗਤ ਵਾਸਤੇ 1,000 ਡਾਲਰ ਦੀ ਬੁਨਿਆਦੀ ਛੋਟ ਪ੍ਰਦਾਨ ਕਰੇਗਾ।

ਜਿੱਥੇ ਬਾਲਣ ਵਾਲੀ ਲੱਕੜ ਦੁਰਲਭ ਹੁੰਦੀ ਹੈ, ਉੱਥੇ ਕਈ ਸਰਕਾਰੀ ਪ੍ਰੋਗਰਾਮ ਹੁੰਦੇ ਹਨ, ਜਿੰਨ੍ਹਾਂ ਤੱਕ ਘੱਟ ਆਮਦਨ ਵਾਲੇ ਬਾਲਣ ਵਾਲੀ ਲੱਕੜ ਦੇ ਖਪਤਕਾਰ, ਬਾਲਣ ਦੀਆਂ ਲਾਗਤਾਂ ਵਾਸਤੇ ਵਿੱਤੀ ਸਹਾਇਤਾ ਲਈ ਪਹੁੰਚ ਕਰ ਸਕਦੇ ਹਨ। ਵਧੇਰੇ ਜਾਣਕਾਰੀ ਇੱਥੇ ਉਪਲਬਧ ਹੈ: https://www.ffm.vic.gov.au/firewood/energy-concession-and-support

ਭਵਿੱਖ ਵਿੱਚ ਬਾਲਣ ਵਾਲੀ ਲੱਕੜ ਦੇ ਖਪਤਕਾਰਾਂ ਦੀ ਸਹਾਇਤਾ ਕਰਨ ਲਈ, ਵਿਕਟੋਰੀਆ ਦੀ ਸਰਕਾਰ ਘਰੇਲੂ ਬਾਲਣ ਵਾਲੀ ਲੱਕੜ ਦੀ ਮੰਗ ਅਤੇ ਸਪਲਾਈ ਦੀਆਂ ਸੀਮਾਵਾਂ ਬਾਰੇ ਰਾਜ-ਵਿਆਪੀ ਖੋਜ ਕਰੇਗੀ। ਇਹ ਖੋਜ ਵਿਕਟੋਰੀਆ ਵਿੱਚ ਘਰੇਲੂ ਬਾਲਣ ਵਾਲੀ ਲੱਕੜ ਦੇ ਭਵਿੱਖ ਦੇ ਪ੍ਰਬੰਧ ਨੂੰ ਸੂਚਿਤ ਕਰੇਗੀ।

250 ਡਾਲਰ ਪਾਵਰ ਸੇਵਿੰਗ ਬੋਨਸ (PSB) ਕਰੋਨਾਵਾਇਰਸ (COVID-19) ਮਹਾਂਮਾਰੀ ਕਾਰਨ ਊਰਜਾ ਬਿੱਲ ਵਾਲੇ ਤਣਾਅ ਦਾ ਸਾਹਮਣਾ ਕਰ ਰਹੇ ਵਿਕਟੋਰੀਆ ਦੇ ਨਿਤਾਣੇ ਪਰਿਵਾਰਾਂ ਨੂੰ ਸਿੱਧੀ ਸਹਾਇਤਾ ਪ੍ਰਦਾਨ ਕਰਨ ਲਈ 250 ਡਾਲਰ ਦਾ ਇਕ ਵਾਰੀ ਦਾ ਭੁਗਤਾਨ ਹੈ।

PSB ਹੇਠ ਲਿਖੇ ਰਿਆਇਤ ਕਾਰਡ ਪ੍ਰੋਗਰਾਮਾਂ ਦੇ ਅਧੀਨ ਭੁਗਤਾਨ ਪ੍ਰਾਪਤ ਕਰਨ ਵਾਲੇ ਲੋਕਾਂ ਲਈ ਉਪਲਬਧ ਹੈ:

- ਸੈਂਟਰਲਿੰਕ ਪੈਨਸ਼ਨ ਰਿਆਇਤ ਕਾਰਡ
- ਜੌਬਸੀਕਰ (JobSeeker)
- ਯੁਵਾ ਭੱਤਾ (Youth Allowance)
- ਔਸਟੱਡੀ (Austudy)
- ਐਬਸਟੱਡੀ (Abstudy)
- ਸਾਬਕਾ ਫੌਜੀਆਂ ਦੇ ਮਾਮਲਿਆਂ ਦੇ ਵਿਭਾਗ ਦੀ ਪੈਨਸ਼ਨਰ ਰਿਆਇਤ (Department of Veterans Affairs Pensioner Concession), ਜਾਂ
- ਸਾਬਕਾ ਫੌਜੀਆਂ ਦੇ ਮਾਮਲਿਆਂ ਦੇ ਵਿਭਾਗ (Department of Veterans Affairs) ਦਾ ਗੋਲਡ ਕਾਰਡ।

## ਇਹਨਾਂ ਤਬਦੀਲੀਆਂ ਬਾਰੇ

ਇਹ ਤਬਦੀਲੀਆਂ ਵਿਕਟੋਰੀਅਨ ਵਾਤਾਵਰਣ ਮੁਲਾਂਕਣ ਕੌਂਸਲ (VEAC's) ਦੀ ਮੱਧ ਪੱਛਮੀ ਤਫ਼ਤੀਸ਼ ਦੀ ਅਖੀਰਲੀ ਰਿਪੋਰਟ ਅਤੇ ਇਸ ਦੀਆਂ ਸਿਫਾਰਸ਼ਾਂ ਪ੍ਰਤੀ ਵਿਕਟੋਰੀਆ ਸਰਕਾਰ ਦੀ ਪ੍ਰਤੀਕਿਰਿਆ ਨੂੰ ਦਰਸਾਉਂਦੀਆਂ ਹਨ।

ਇਹ ਤਬਦੀਲੀਆਂ ਸਾਡੇ ਕੀਮਤੀ ਵਾਤਾਵਰਣ ਅਤੇ ਜੈਵ-ਵਿਭਿੰਨਤਾ ਦੇ ਵੈਭਵ ਨੂੰ ਸੁਰੱਖਿਅਤ ਰੱਖਦੀਆਂ ਹਨ, ਅਤੇ ਟਿਕਾਊ ਸੰਤੁਲਨ ਕਾਇਮ ਕਰਦੀਆਂ ਹਨ, ਜਿਸ ਦਾ ਉਦੇਸ਼ ਹੁਣ ਅਤੇ ਭਵਿੱਖ ਵਿੱਚ ਸਾਰੇ ਜ਼ਮੀਨੀ ਖਪਤਕਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਹੈ।

ਤੁਸੀਂ ਸਾਡੀ ਵੈੱਬਸਾਈਟ ਉੱਤੇ ਸਰਕਾਰੀ ਪ੍ਰਤੀਕਿਰਿਆ ਵੇਖ ਸਕਦੇ ਹੋ।

ਘਰੇਲੂ ਬਾਲਣ ਵਾਲੀ ਲੱਕੜਾਂ ਦੇ ਇਕੱਠੀਆਂ ਕਰਨਾ ਬਾਰੇ ਵਧੇਰੇ ਜਾਣਕਾਰੀ ਇੱਥੇ ਉਪਲਬਧ ਹੈ https://www.ffm.vic.gov.au/firewood/firewood-collection-in-your-region

ਜੇ ਤੁਹਾਨੂੰ ਸਹਾਇਤਾ ਚਾਹੀਦੀ ਹੈ, ਅਨੁਵਾਦ ਅਤੇ ਦੋਭਾਸ਼ੀਆ ਸੇਵਾ ਵਿੱਚ ਮਦਦ ਲਈ ਕਿਰਪਾ ਕਰਕੇ Translating and Interpreting Service (TIS) ਨੂੰ ਸੰਪਰਕ ਕਰੋ। TIS National ਨੂੰ 131 450 (ਆਸਟ੍ਰੇਲੀਆ ਦੇ ਅੰਦਰ) ਉੱਤੇ ਸੰਪਰਕ ਕਰੋ ਜਾਂ www.tisnational.gov.au ਉੱਤੇ ਜਾਓ